Ontario

**ਕਿਰਤ, ਸਿਖਲਾਈ ਅਤੇ ਹੁਨਰ ਵਿਕਾਸ ਮੰਤਰਾਲਾ**

**(Ministry of Labour, Training and Skills Development)**

# ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009 (Employment Protection for Foreign Nationals Act, 2009) ਤਹਿਤ ਤੁਹਾਡੇ ਹੱਕਾ

**ਬੇਦਾਅਵਾ:** ਇਸ ਵਸੀਲੇ ਨੂੰ *ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009* (Employment Standards Act, 2000) (EPFNA) ਅਤੇ ਵਿਨਿਯਮਾਂ ਦੇ ਤਹਿਤ ਸਥਾਪਤ ਕੁਝ ਨਿਊਨਤਮ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਕਰਮਚਾਰੀਆਂ ਅਤੇ ਰੁਜ਼ਗਾਰਦਾਤਿਆਂ ਦੀ ਮਦਦ ਕਰਨ ਲਈ ਬਣਾਇਆ ਗਿਆ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ। ਇਸ ਦਾ ਉਦੇਸ਼ EPFNA ਜਾਂ ਵਿਨਿਯਮਾਂ ਦੀ ਥਾਂ ਲੈਣਾ ਨਹੀਂ ਹੈ ਅਤੇ ਹਮੇਸ਼ਾ ਕਾਨੂੰਨ ਦੇ ਸਰਕਾਰੀ ਸੰਸਕਰਨ ਨੂੰ ਦੇਖਣਾ ਜ਼ਰੂਰੀ ਹੁੰਦਾ ਹੈ। ਹਾਲਾਂਕਿ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਸ਼ ਕੀਤੀ ਹੈ ਕਿ ਇਸ ਵਸੀਲੇ ਵਿੱਚ ਜਾਣਕਾਰੀ ਨਵੀਨਤਮ ਅਤੇ ਬਿਲਕੁਲ ਸਹੀ ਹੋਵੇ, ਪਰ ਕਦੇ-ਕਦੇ ਗ਼ਲਤੀਆਂ ਹੋ ਜਾਂਦੀਆਂ ਹਨ। EPFNA ਸਿਰਫ ਨਿਊਨਤਮ ਮਿਆਰ ਦੱਸਦਾ ਹੈ। ਰੁਜ਼ਗਾਰ ਸਬੰਧੀ ਇਕਰਾਰਨਾਮੇ, ਸਮੂਹਕ ਸਮਝੌਤੇ, ਆਮ ਕਾਨੂੰਨ ਜਾਂ ਕਿਸੇ ਦੂਜੇ ਕਾਨੂੰਨ ਮੁਤਾਬਕ ਕੁਝ ਕਰਮਚਾਰੀਆਂ ਦੇ ਵਾਧੂ ਹੱਕ ਹੋ ਸਕਦੇ ਹਨ।

ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009 ਤਹਿਤ ਤੁਹਾਡੇ ਹੱਕ (Employment Protection for Foreign Nationals Act, 2009) (EPFNA) ਇੱਕ ਕਾਨੂੰਨ ਹੈ ਜੋ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਲਈ ਹੱਕ ਅਤੇ ਸੁਰੱਖਿਆ ਪ੍ਰਦਾਨ ਕਰਦਾ ਹੈ ਜੋ ਉਂਟਾਰੀਓ ਵਿੱਚ ਕਿਸੇ ਇੰਮੀਗ੍ਰੇਸ਼ਨ ਜਾਂ ਵਿਦੇਸ਼ੀ ਆਰਜ਼ੀ ਕਰਮਚਾਰੀ ਪ੍ਰੋਗਰਾਮ ਜਿਵੇਂ ਕਿ ਫੈਡਰਲ ਆਰਜ਼ੀ ਵਿਦੇਸ਼ੀ ਕਰਮਚਾਰੀ ਪ੍ਰੋਗਰਾਮ ਤਹਿਤ ਕੰਮ ਕਰ ਰਹੇ ਹਨ ਜਾਂ ਕੰਮ ਦੀ ਭਾਲ ਵਿੱਚ ਹਨ। ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ Ontario.ca/EPFNA ’ਤੇ ਜਾਓ।

ਇਹ ਜਾਣਕਾਰੀ ਸ਼ੀਟ EPFNA ਦੇ ਤਹਿਤ ਤੁਹਾਡੇ ਹੱਕਾਂ ਦਾ ਸਾਰ ਪ੍ਰਦਾਨ ਕਰਦੀ ਹੈ। ਜੇਕਰ ਤੁਹਾਡੀ ਪਹਿਲੀ ਭਾਸ਼ਾ ਅੰਗ੍ਰੇਜ਼ੀ ਨਹੀਂ ਹੈ, ਤਾਂ ਤੁਹਾਡੇ ਭਰਤੀਕਰਤਾ ਜਾਂ ਰੁਜ਼ਗਾਰਦਾਤਾ ਵੱਲੋਂ ਤੁਹਾਨੂੰ ਇਹ ਜਾਣਕਾਰੀ ਸ਼ੀਟ ਤੁਹਾਡੀ ਪਹਿਲੀ ਭਾਸ਼ਾ ਵਿੱਚ ਦੇਣੀ ਲਾਜ਼ਮੀ ਹੈ, ਜੇਕਰ ਇਹ Ministry of Labour, Training and Skills Development ਤੋਂ ਉਪਲਬਧ ਹੋਵੇ।

ਉੰਟਾਰੀਓ ਵਿੱਚ ਕੰਮ ਕਰ ਰਹੇ ਇੱਕ ਵਿਦੇਸ਼ੀ ਨਾਗਰਿਕ ਦੇ ਤੌਰ 'ਤੇ, ਤੁਹਾਡੇ ਕੋਲ ਆਮ ਤੌਰ 'ਤੇ ਰੁਜ਼ਗਾਰ ਮਿਆਰ ਕਨੂੰਨ, 2000 (Employment Standards Act, 2000 (ESA) ਦੇ ਤਹਿਤ ਵੀ ਹੱਕ ਹਨ। ESA ਉਹ ਕਾਨੂੰਨ ਹੈ ਜੋ ਉੰਟਾਰੀਓ ਦੀਆਂ ਜ਼ਿਆਦਾਤਰ ਕੰਮ ਕਰਨ ਵਾਲੀਆਂ ਥਾਂਵਾਂ ਲਈ ਨਿਊਨਤਮ ਵੇਤਨ ਅਤੇ ਕੰਮ ਕਰਨ ਦੇ ਘੰਟਿਆਂ ਦੀਆਂ ਸੀਮਾਵਾਂ ਵਰਗੇ ਨਿਊਨਤਮ ਮਿਆਰ ਤੈਅ ਕਰਦਾ ਹੈ। ਤੁਹਾਡੇ ਰੁਜ਼ਗਾਰਦਾਤਾ ਵੱਲੋਂ ਤੁਹਾਨੂੰ ESA ਦੇ ਤਹਿਤ ਤੁਹਾਡੇ ਹੱਕਾਂ ਬਾਰੇ ਤੁਹਾਨੂੰ ਜਾਣਕਾਰੀ ਸ਼ੀਟ ਪ੍ਰਦਾਨ ਕਰਨੀ ਲਾਜ਼ਮੀ ਹੈ।

## ਕੋਈ ਭਰਤੀਕਰਤਾ ਤੁਹਾਡੇ ਕੋਲੋਂ ਕੋਈ ਵੀ ਫੀਸ ਨਹੀਂ ਲੈ ਸਕਦੇ

ਭਰਤੀਕਰਤਾ ਉਹ ਵਿਅਕਤੀ ਹੁੰਦਾ ਹੈ ਜੋ ਤੁਹਾਨੂੰ ਉੰਟਾਰੀਓ ਵਿੱਚ ਰੁਜ਼ਗਾਰ ਲੱਭ ਕੇ ਦੇਵੇ ਜਾਂ ਲੱਭਣ ਦੀ ਕੋਸ਼ਸ਼ ਕਰੇ। ਭਰਤੀਕਰਤਾ ਤੁਹਾਨੂੰ ਕਿਸੇ ਕੋਲ ਰੈਫਰ ਵੀ ਕਰ ਸਕਦਾ ਹੈ ਜਾਂ ਤੁਹਾਡੀ ਉੰਟਾਰੀਓ ਵਿੱਚ ਰੁਜ਼ਗਾਰ ਲੱਭਣ ਵਿੱਚ ਸਹਾਇਤਾ ਕਰ ਸਕਦਾ ਹੈ। ਤੁਹਾਡਾ ਭਰਤੀਕਰਤਾ, ਜਾਂ ਉਨ੍ਹਾਂ ਨਾਲ ਕੰਮ ਕਰ ਰਿਹਾ ਕੋਈ ਵਿਅਕਤੀ ਤੁਹਾਨੂੰ ਪ੍ਰਦਾਨ ਕੀਤੀ ਗਈ ਕਿਸੇ ਵੀ ਸੇਵਾ, ਵਸਤੂ ਜਾਂ ਫਾਇਦੇ ਲਈ ਫੀਸ ਨਹੀਂ ਲੈ ਸਕਦਾ, ਜਿਵੇਂ ਕਿ: ਮਜ਼ਦੂਰ ਬਜ਼ਾਰ ਦਾ ਮੁਲਾਂਕਣ, ਓਰੀਐਂਟੇਸ਼ਨ, ਰਿਜ਼ੂਏਮੇ ਲਿਖਣ ਦੀਆਂ ਸੇਵਾਵਾਂ, ਇੰਟਰਵਿਊ ਲਈ ਤਿਆਰੀ ਜਾਂ ਮੁੱਢਲੀ ਸਿੱਖਿਆ ਦੀ ਸਿਖਲਾਈ।

## ਕੋਈ ਰੁਜ਼ਗਾਰਕਰਤਾ ਤੁਹਾਡੇ ਕਰਮਚਾਰੀ ਬਣਨ ਲਈ ਖਰਚਿਆਂ ਦੀ ਪੂਰਤੀ ਨਹੀਂ ਕਰ ਸਕਦਾ (ਸਿਵਾਏ ਕੁਝ ਸਥਿਤੀਆਂ ਦੇ)

ਆਮ ਤੌਰ 'ਤੇ, ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਨੌਕਰੀ 'ਤੇ ਰੱਖਣ ਲਈ ਉਸ ਵੱਲੋਂ ਭੁਗਤਾਨ ਕੀਤੀ ਕੋਈ ਵੀ ਫੀਸ ਜਾਂ ਖਰਚੇ ਤੁਹਾਡੇ 'ਤੇ ਨਹੀਂ ਪਾ ਸਕਦੇ, ਜਿਵੇਂ ਕਿ ਤੁਹਾਡਾ ਮਜ਼ਦੂਰ ਬਜ਼ਾਰ ਮੁਲਾਂਕਣ, ਓਰੀਐਂਟੇਸ਼ਨ, ਉਸ ਵੱਲੋਂ ਭਰਤੀਕਰਤਾ ਨੂੰ ਦਿੱਤੀ ਗਈ ਸਿਖਲਾਈ ਜਾਂ ਫੀਸ। ਉਹ ਤੁਹਾਡੇ ਵੇਤਨ ਵਿੱਚੋਂ ਇਨ੍ਹਾਂ ਫੀਸਾਂ ਜਾਂ ਖਰਚਿਆਂ ਦੀ ਕਟੌਤੀ ਵੀ ਨਹੀਂ ਕਰ ਸਕਦਾ। ਹਾਲਾਂਕਿ, ਜੇਕਰ ਤੁਸੀਂ ਫੈਡਰਲ ਸਰਕਾਰ ਦੇ ਮੌਸਮੀ ਖੇਤੀ-ਬਾੜੀ ਕਰਮਚਾਰੀ ਪ੍ਰੋਗਰਾਮ (SAWP) ਦੇ ਤਹਿਤ ਰੁਜ਼ਗਾਰ-ਪ੍ਰਾਪਤ ਹੋ, ਤਾਂ ਤੁਹਾਡਾ ਰੁਜ਼ਗਾਰਦਾਤਾ ਹਵਾਈ ਯਾਤਰਾ ਅਤੇ ਵਰਕ ਪਰਮਿਟਾਂ ਦੇ ਖਰਚਿਆਂ ਦੀ ਕਟੌਤੀ ਕਰ ਸਕਦੇ ਹਨ ਜੇਕਰ ਤੁਹਾਡਾ SAWP ਰੁਜ਼ਗਾਰ ਇਸ ਲਈ ਸਹਿਮਤੀ ਦਿੰਦਾ ਹੈ ਤਾਂ।

**ਕੋਈ ਰੁਜ਼ਗਾਰਦਾਤਾ ਕਿਸੇ ਭਰਤੀਕਰਤਾ ਦੀ ਤਰਫੋਂ ਕਿਸੇ ਵਿਦੇਸ਼ੀ ਨਾਗਰਿਕ ਤੋਂ ਭਰਤੀ ਦੀ ਫੀਸ ਜਾਂ ਹੋਰ ਪਲੇਸਮੈਂਟ ਦੇ ਖਰਚਿਆਂ ਦੀ ਪੂਰਤੀ ਵੀ ਨਹੀਂ ਕਰ ਸਕਦਾ।**

## ਕੋਈ ਭਰਤੀਕਰਤਾ ਜਾਂ ਰੁਜ਼ਗਾਰਦਾਤਾ ਤੁਹਾਡੀ ਸੰਪਤੀ ਨਹੀਂ ਲੈ ਸਕਦਾ

ਤੁਹਾਡਾ ਭਰਤੀਕਰਤਾ, ਤੁਹਾਡਾ ਰੁਜ਼ਗਾਰਦਾਤਾ, ਜਾਂ ਉਨ੍ਹਾਂ ਲਈ ਕਾਰਵਾਈ ਕਰਨ ਵਾਲਾ ਵਿਅਕਤੀ ਕਿਸੇ ਵੀ ਕਾਰਨ ਕਰਕੇ ਤੁਹਾਡੀ ਸੰਪਤੀ ਲੈ ਜਾਂ ਰੱਖ ਨਹੀਂ ਸਕਦਾ। ਇਸ ਵਿੱਚ ਤੁਹਾਡੇ ਪਾਸਪੋਰਟ ਜਾਂ ਵਰਕ ਪਰਮਿਟ ਵਰਗੇ ਦਸਤਾਵੇਜ਼ ਸ਼ਾਮਲ ਹਨ।

## ਤੁਸੀਂ ਆਪਣੇ ਹੱਕ ਛੱਡਣ ਲਈ ਸਹਿਮਤ ਨਹੀਂ ਹੋ ਸਕਦੇ

ਤੁਸੀਂ EPFNA ਦੇ ਤਹਿਤ ਆਪਣੇ ਕਿਸੇ ਵੀ ਅਧਿਕਾਰ ਨੂੰ ਛੱਡਣ ਲਈ ਸਹਿਮਤ ਨਹੀਂ ਹੋ ਸਕਦੇ ਜਾਂ ਕਿਸੇ ਸਮਝੌਤੇ 'ਤੇ ਦਸਖ਼ਤ ਨਹੀਂ ਕਰ ਸਕਦੇ। ਇਹ ਸਹਿਮਤੀਆਂ ਜਾਂ ਸਮਝੌਤੇ ਵਾਜਬ ਨਹੀਂ ਹਨ। ਉਦਾਹਰਨ ਵਜੋਂ, ਜੇਕਰ ਤੁਸੀਂ ਕਿਸੇ ਸਮਝੌਤੇ 'ਤੇ ਇਹ ਸਹਿਮਤ ਹੁੰਦੇ ਹੋਏ ਦਸਖ਼ਤ ਕਰਦੇ ਹੋ ਕਿ ਤੁਹਾਡਾ ਭਰਤੀਕਰਤਾ ਤੁਹਾਡੇ ਤੋਂ ਨੌਕਰੀ ਦੇਣ ਦੀ ਫੀਸ ਲਵੇ, ਤਾਂ ਇਹ ਸਮਝੌਤਾ ਵਾਜਬ ਨਹੀਂ ਹੋਵੇਗਾ।

## ਤੁਹਾਨੂੰ ਆਪਣੇ ਹੱਕਾਂ ਬਾਰੇ ਪੁੱਛਣ ਜਾਂ ਉਨ੍ਹਾਂ ਦੀ ਵਰਤੋਂ ਕਰਨ ਲਈ ਸਜ਼ਾ ਨਹੀਂ ਦਿੱਤੀ ਜਾ ਸਕਦੀ

ਜੇਕਰ ਤੁਸੀਂ EPFNA ਜਾਂ ESA ਦੇ ਤਹਿਤ ਆਪਣੇ ਹੱਕਾਂ ਬਾਰੇ ਪੁੱਛਦੇ ਹੋ ਜਾਂ ਆਪਣੇ ਹੱਕਾਂ ਦੀ ਵਰਤੋਂ ਕਰਦੇ ਹੋ, ਤਾਂ ਤੁਹਾਡੇ ਭਰਤੀਕਰਤਾ ਜਾਂ ਰੁਜ਼ਗਾਰਦਾਤਾ ਤੁਹਾਨੂੰ ਕਿਸੇ ਵੀ ਤਰੀਕੇ ਨਾਲ ਧਮਕੀ, ਡਰਾ ਜਾਂ ਸਜ਼ਾ ਨਹੀਂ ਦੇ ਸਕਦੇ, ਤੁਹਾਡੇ ਰੁਜ਼ਗਾਰ ਨੂੰ ਸਮਾਪਤ ਕਰਨ ਦੇ ਸਮੇਤ।

## ਜੇਕਰ ਤੁਹਾਨੂੰ ਕੋਈ ਪ੍ਰਸ਼ਨ ਹੈ ਜਾਂ ਤੁਸੀਂ ਕੋਈ ਦਾਅਵਾ ਦਰਜ ਕਰਨਾ ਚਾਹੁੰਦੇ ਹੋ

EPFNA ਬਾਰੇ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ Ontario.ca/EPFNA 'ਤੇ ਜਾਓ।

ਜੇ ਤੁਹਾਡੇ EPFNA ਦੇ ਬਾਰੇ ਕੋਈ ਸਵਾਲ ਹਨ, ਤਾਂ ਤੁਸੀਂ ਰੁਜ਼ਗਾਰ ਮਿਆਰ ਜਾਣਕਾਰੀ ਕੇਂਦਰ (Employment Standards Information Centre) ਨੂੰ 416326-7160 'ਤੇ, ਟੌਲ-ਫ੍ਰੀ 1-800-531-5551 'ਤੇ, ਜਾਂ TTY 1-866-567-8893 'ਤੇ ਵੀ ਕਾਲ ਕਰ ਸਕਦੇ ਹੋ। ਜਾਣਕਾਰੀ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ EPFNA ਦੇ ਅਧੀਨ ਆਪਣੇ ਹੱਕ ਪ੍ਰਾਪਤ ਨਹੀਂ ਕੀਤੇ ਹਨ, ਤਾਂ ਤੁਸੀਂ Ontario.ca/EPFNA 'ਤੇ Ministry of Labour, Training and Skills Development ਕੋਲ ਦਾਅਵਾ ਦਰਜ ਕਰ ਸਕਦੇ ਹੋ।

ਤੁਹਾਡੇ ਕੋਲ EPFNA ਦੇ ਤਹਿਤ ਆਪਣੇ ਹੱਕਾਂ ਲਈ ਦਾਅਵਾ ਦਰਜ ਕਰਨ ਲਈ ਸਾਢੇ ਤਿੰਨ ਸਾਲ ਹਨ।